
ਐਬਟਸਫੋਰਡ ਅਤੇ ਮਿਸ਼ਨ ‘ਚ ਪਾਣੀ ਦੀਆਂ ਪਾਬੰਦੀਆਂ ਚਾਰ ਪੜਾਅ ਤੈਅ ਕਰਦੀਆਂ ਹਨ, ਜਿਹੜੇ ਡਿਕਸਨ ਝੀਲ ਦੇ ਪਾਣੀ ਦੇ ਲੈਵਲ ਨਾਲ ਬੱਝੇ ਹੋਏ ਹਨ। ਡਿਕਸਨ ਝੀਲ ਦੋਹਾਂ ਕਮਿਊਨਿਟੀਆਂ ਲਈ ਪੀਣ ਦੇ ਪਾਣੀ ਦਾ ਮੁੱਖ ਸੋਮਾਂ ਹੈ। ਜਦੋਂ ਸਾਡੀ ਝੀਲ ਦੇ ਪਾਣੀ ਦਾ ਲੈਵਲ ਘਟਦਾ ਹੈ, ਸਾਡੀਆਂ ਪਾਬੰਦੀਆਂ ਵਧ ਜਾਂਦੀਆਂ ਹਨ!

**ਇਨ੍ਹਾਂ ਗਰਮੀਆਂ ‘ਚ ਉਨ੍ਹਾਂ ਪੜਾਵਾਂ ਨੂੰ ਜਾਣੋ ਅਤੇ ਪਾਣੀ ਬਚਾਉ ਤੇ ਇਕੱਠਾ ਕਰੋ!**

**ਇਹ ਜਾਣਨ ਲਈ ਕਿ ਇਹ ਪਾਬੰਦੀਆਂ ਕਿੱਥੇ ਕੁ ਹਨ, ਵੇਖੋ www.ourwatermatters.ca.**

# ਅਸੀਂ ਇਸ ਪੜਾਅ ‘ਤੇ ਹਾਂ




## ਪੜਾਅ ਇੱਕ

ਲਾਅਨ ਨੂੰ ਹਫਤੇ ‘ਚ **ਦੋ ਵਾਰ** ਪਾਣੀ ਲਾਉਣ ਦੀ ਇਜਾਜ਼ਤ ਹੈ, ਸਿਰਫ ਸਵੇਰ ਵੇਲੇ 6-8 ਵਜੇ ਤਕ।
- ਜੋਟਾ (ਈਵਨ) ਐਡਰਿਸ ਵਾਲੇ ਘੱਰ: ਬੁੱਧਵਾਰ ਅਤੇ ਸ਼ਨਿਚਰਵਾਰ
- ਕਲੀ (ਆਡ) ਐਡਰਿਸ ਵਾਲੇ ਘੱਰ: ਵੀਰਵਾਰ ਅਤੇ ਐਤਵਾਰ
- ਗਾਰਡਿਨ ਜ਼ਰੂਰਤ ਅਨੁਸਾਰ।

## ਪੜਾਅ ਦੋ

ਲਾਅਨ ਨੂੰ ਹਫਤੇ ‘ਚ **ਇਕ ਵਾਰ** ਪਾਣੀ ਲਾਉਣ ਦੀ ਇਜਾਜ਼ਤ ਹੈ, ਸਿਰਫ ਸਵੇਰ ਵੇਲੇ 6-8 ਵਜੇ ਤਕ।
- ਜੋਟਾ (ਈਵਨ) ਐਡਰਿਸ ਵਾਲੇ ਘੱਰ: ਸ਼ਨਿਚਰਵਾਰ
- ਕਲੀ (ਆਡ) ਐਡਰਿਸ ਵਾਲੇ ਘੱਰ: ਐਤਵਾਰ
- ਗਾਰਡਿਨ ਜ਼ਰੂਰਤ ਅਨੁਸਾਰ।

## ਪੜਾਅ ਤਿੰਨ

ਲਾਅਨ ਨੂੰ ਪਾਣੀ ਲਾਉਣ ਦੀ ਇਜਾਜ਼ਤ **ਨਹੀਂ** ਹੈ।
- ਗਾਰਡਿਨ ਜ਼ਰੂਰਤ ਅਨੁਸਾਰ, ਹੱਥ ਨਾਲ ਫੜ੍ਹ ਕੇ ਜਾਂ ਸੋਕਰ ਹੋਜ਼ ਨਾਲ, ਕੋਈ ਫੁਹਾਰੇ ਨਹੀਂ।
- ਪੱਕੇ ਥਾਂ, ਕਾਰ ਅਤੇ ਬੇੜੀ ਧੋਣ ਦੀ **ਨਹੀਂ** ਇਜਾਜ਼ਤ।

## ਪੜਾਅ ਚਾਰ

ਲਾਅਨ ਨੂੰ ਪਾਣੀ ਲਾਉਣ ਅਤੇ ਬਾਹਰਵਾਰ ਕਿਸੇ ਹੋਰ ਤਰ੍ਹਾਂ ਪਾਣੀ ਵਰਤਣ ਦੀ ਇਜਾਜ਼ਤ **ਨਹੀਂ**।

our water matters

Abbotsford Mission
Water & Sewer Services

**Do Your Part - Conserve & Reserve**

www.ourwatermatters.ca
604-864-5514

# ਇਨ੍ਹਾਂ ਗਰਮੀਆਂ ‘ਚ
# ਪਾਣੀ ਸੰਕੋਚ ਨਾਲ ਵਰਤੋ !

- ਸਾਰੀਆਂ ਹੋਜ਼ਾਂ ਨੂੰ ਪਾਣੀ ਨੂੰ ਆਪਣੇ ਆਪ ਬੰਦ ਕਰਨ ਵਾਲੇ ਸਪਰਿੰਗ ਵਾਲੇ ਯੰਤਰ ਜ਼ਰੂਰ ਲੱਗੇ ਹੋਣੇ ਚਾਹੀਦੇ ਹਨ।
- ਪੜਾਅ 1 ਅਤੇ 2 ਵਿੱਚ ਫੁੱਲਾਂ, ਦਰਖਤਾਂ, ਝਾੜੀਆਂ ਅਤੇ ਸਬਜ਼ੀਆਂ ਨੂੰ ਕਿਸੇ ਵੀ ਸਮੇਂ ਹੱਥ ‘ਚ ਫੜੀ ਪਾਈਪ, ਆਪਣੇ ਆਪ ਪਾਣੀ ਬੰਦ ਕਰਨ ਵਾਲਾ ਸਪਰਿੰਗ ਵਾਲਾ ਯੰਤਰ ਲੱਗੀ ਹੋਜ਼ ਜਾਂ ਫੁਹਾਰੇ ਨਾਲ ਪਾਣੀ ਲਾਇਆ ਜਾ ਸਕਦਾ ਹੈ।
- ਕਿਹੜਾ ਪੜਾਅ ਲਾਗੂ ਹੈ ਇਹ ਵੇਖਣ ਲਈ **www.ourwatermatters.ca** ‘ਤੇ ਆਨਲਾਈਨ ਵੇਖਣਾਂ ਯਾਦ ਰੱਖੋ। **ਪਾਣੀ ਦੀਆਂ ਪਾਬੰਦੀਆਂ ਹਰੇਕ ਸਾਲ ੧ ਮਈ ਨੂੰ ਸ਼ੁਰੂ ਹੁੰਦੀਆਂ ਅਤੇ ੩੦ ਸਤੰਬਰ ਨੂੰ ਮੁੱਕਦੀਆਂ ਹਨ।**
- ਕੇਵਲ ਪੜਾਅ 1 ਅਤੇ 2 ‘ਚ, ਜਿੱਥੇ ਨਵਾਂ ਨਵਾਂ ਘਾਹ ਬੀਜਿਆ ਜਾਂ ਵਿਛਾਇਆ ਗਿਆ ਹੋਵੇ ਉੱਥੇ ਪ੍ਰਾਪਰਟੀ ਮਾਲਕ ਇੰਜਨੀਅਰਿੰਗ ਵਿਭਾਗ ਤੋਂ ਨਵੇਂ ਲਾਅਨ ਵਾਲਾ ਪਰਮਿੱਟ ਲੈ ਸਕਦੇ ਹਨ।
- ਗਰਮੀਆਂ ਦੌਰਾਨ ਪੌਦਿਆਂ ਅਤੇ ਬਗੀਚਿਆਂ ਨੂੰ ਪਾਣੀ ਦੇਣ ਲਈ ਮੀਂਹ ਦਾ ਪਾਣੀ ਇਕੱਠਾ ਕਰਨ ਵਾਲਾ ਬੈਰਲ ਵਰਤੋ। ਸਿਟੀ ਆਫ ਐਬਟਸਫੋਰਡ ਅਤੇ ਡਿਸਟ੍ਰਿਕਟ ਆਫ ਮਿਸ਼ਨ ਦੇ ਇੰਜਨੀਅਰਿੰਗ ਵਿਭਾਗਾਂ ਤੋਂ ਮੀਂਹ ਦਾ ਪਾਣੀ ਇਕੱਠਾ ਕਰਨ ਵਾਲੇ ਬੈਰਲ ਉਪਲਬਧ ਹਨ।
- ਪਾਣੀ ਦਾ ਸੰਕੋਚ ਕਰਨ ਵਾਲੇ ਪੌਦੇ ਜਿਵੇਂ ਸੋਕਾ ਝੱਲਣ ਵਾਲੇ ਟਰਫ ਘਾਹ ਦੀ ਚੋਣ ਕਰੋ।
- ਯਾਦ ਰੱਖੋ ਕਿ ਵਧੀਆ ਲਾਅਨਾਂ ਨੂੰ ਹਫਤੇ ‘ਚ ਕੇਵਲ 1 ਇੰਚ ਪਾਣੀ ਦੀ ਲੋੜ ਹੈ।
- ਘਾਹ ਉੱਚਾ ਰੱਖ ਕੇ (ਘਾਹ ਘੱਟੋ ਘੱਟ 3 ਇੰਚ ਉੱਚਾ ਰੱਖੋ) ਕੱਟੋ ਅਤੇ ਕੱਟਿਆ ਘਾਹ ਵਿੱਚੇ ਹੀ ਛੱਡ ਦਿਉ।।
- **www.ourwatermatters.ca** ‘ਤੇ ਲੈਂਡਸਕੇਪ ਅਤੇ ਸਿੰਚਾਈ ‘ਚ ਪਾਣੀ ਦੀ ਬੱਚਤ ਬਾਰੇ **ਮੁਫਤ** ਸਿੱਖਣ ਲਈ ਵਰਕਸ਼ਾਪ ਸਾਈਨ ਅੱਪ ਕਰੋ।
- ਸਿੰਚਾਈ ਅਤੇ ਲੈਂਡਸਕੇਪ ਰੀਬੇਟ ਲੈਣ ਲਈ ਅਰਜ਼ੀ ਦਿਉ। ਵਧੇਰੇ ਜਾਣਕਾਰੀ ਲਈ **www.ourwatermatters.ca** ‘ਤੇ ਜਾਉ।

our
water
matters

**Do Your Part — Conserve & Reserve**

www.ourwatermatters.ca